ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੌਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
Contact : Raj 021 8740 730, 0800 253 2687
www.redcleaning.co.nz

22 March 2019 Daily, editornztasveer@gmail.com designnztasveer@gmail.com Ph/Fax: 09 390 4644 FREE



## ਕ੍ਰਾਈਸਚਰਚ ਅਤਿਵਾਦੀ ਹਮਲਾ
# ਨਿਊਜੀਲੈਂਡ ਗੋਲੀਬਾਰੀ 'ਚ ਮਾਰੇ ਗਏ ਲੋਕਾਂ ਸ਼ਾਂਤੀ ਲਈ ਰੱਖਿਆ ਗਿਆ 2 ਮਿੰਟ ਦਾ ਮੋਨ ਵਰਤ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) : ਨਿਊਜੀਲੈਂਡ ਮਸਜਿਦ ਹਮਲੇ ਦੌਰਾਨ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਤੀ ਲਈ ਦੋ ਮਿੰਟ ਦਾ ਮੋਨ ਵਰਤ ਰੱਖਿਆ ਗਿਆ। ਪੂਰੇ ਨਿਊਜੀਲੈਂਡ 'ਚ ਰੇਡੀਓ, ਟੈਲੀਵੀਜਨ ਅਤੇ ਬੱਸਾਂ, ਟਰੇਨਾ ਵੀ ਦੋ ਮਿੰਟ ਲਈ ਪੂਰੀ ਤਰਾਂ ਰੁਕੇ ਰਹੇ। ਇਸ ਦੌਰਾਨ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਵੀ ਇਸ ਹਮਲੇ ਦੇ ਪੀੜ੍ਹਤ ਪਰਿਵਾਰਾਂ ਨਾਲ ਰਹੀ। ਜਿਕਰਯੋਗ ਹੈ ਕਿ ਪਿਛਲੇ ਹਫਤੇ ਹੋਏ ਇਸ ਹਮਲੇ ਨਵਾਜ ਪੜ ਰਹੇ 50 ਦੇ ਕਰੀਬ ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜਖਮੀ ਹੋ ਗਏ ਸਨ। ਇਸ ਹਮਲੇ ਦੀ ਪੂਰੀ ਦੁਨੀਆਂ ਵਿੱਚ ਸਖਤ ਸ਼ਬਦਾਂ ਵਿੱਚ ਨਿਖੇਧੀ ਹੋਈ ਹੈ। ਅਤੇ ਪੀੜਤ ਪਰਿਵਾਰਾਂ ਲਈ ਹੁਣ ਤੱਕ 10 ਮਿਲੀਅਨ ਡਾਲਰ ਦੀ ਰਾਸ਼ੀ ਇਕੱਠੀ ਕੀਤੀ ਗਈ ਹੈ।

## ਬ੍ਰਿਟੇਨ ਦੀਆਂ 5 ਮਸਜਿਦਾਂ ਚ ਭੰਨਤੋੜ, ਪੁਲਸ ਨੇ ਸ਼ੁਰੂ ਕੀਤੀ ਜਾਂਚ

ਲੰਡਨ – ਮੱਧ ਬ੍ਰਿਟੇਨ ਦੇ ਬਰਮਿੰਘਮ ਸ਼ਹਿਰ ਦੀਆਂ 5 ਮਸਜਿਦਾਂ 'ਤੇ ਰਾਤ ਦੇ ਸਮੇਂ ਹਮਲਾ ਕੀਤਾ ਗਿਆ, ਜਿਸ ਤੋਂ ਬਾਅਦ ਅੱਤਵਾਦ ਰੋਕੂ ਈਕਾਈ ਦੇ ਅਧਿਕਾਰੀਆਂ ਅਤੇ ਸਥਾਨਕ ਪੁਲਸ ਨੇ ਜਾਂਚ ਸ਼ੁਰੂ ਕੀਤੀ। ਮਿਡਲੈਂਡਸ ਪੁਲਸ ਨੂੰ ਖਬਰ ਮਿਲੀ ਸੀ ਕਿ ਇਕ ਵਿਅਕਤੀ ਬਰਚਫੀਲਡ ਰੋਡ 'ਤੇ ਜਾਮਾ ਮਸਜਿਦ ਦੀਆਂ ਖਿੜਕੀਆਂ ਤੋੜ ਰਿਹਾ ਹੈ ਅਤੇ ਉਸ ਤੋਂ ਕੁਝ ਹੀ ਦੇਰ ਬਾਅਦ ਸ਼ਹਿਰ ਦੇ ਐਡਿੰਗਟਨ ਇਲਾਕੇ 'ਚ ਇਕ ਮਸਜਿਦ 'ਤੇ ਵੀ ਅਜਿਹਾ ਹੀ ਹਮਲਾ ਹੋਣ ਦੀ ਖਬਰ ਮਿਲੀ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਹਮਲਿਆਂ ਦਾ ਆਪਸ 'ਚ ਸਬੰਧ ਹੈ।ਅੱਤਵਾਦ ਰੋਕੂ ਬਲ ਨੇ ਮਸਜਿਦਾਂ ਅਤੇ ਇਲਾਕਿਆਂ 'ਚ ਗਸ਼ਤ ਕਰਨੀ ਸ਼ੁਰੂ ਕੀਤੀ ਅਤੇ ਹੋਰ ਖੇਤਰਾਂ 'ਚ ਇਸਲਾਮੀ ਪੂਜਾ ਵਾਲੀਆਂ ਥਾਂਵਾਂ ਦੀ ਚੌਕਸ ਵਧਾ ਦਿੱਤੀ ਗਈ। ਪਿਛਲੇ ਸ਼ੁੱਕਰਵਾਰ ਨੂੰ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਹਮਲੇ 'ਚ 50 ਲੋਕਾਂ ਦੀ ਜਾਨ ਚੱਲੀ ਗਈ ਸੀ। ਵੈਸਟ ਮਿਡਲੈਂਡਸ ਦੇ ਪੁਲਸ ਪ੍ਰਮੁੱਖ ਕਾਂਸਟੇਬਲ ਨੇ ਆਖਿਆ ਕਿ ਮੈਂ ਕਹਿ ਸਕਦਾ ਹਾਂ ਕਿ ਘਟਨਾ ਲਈ ਜ਼ਿੰਮੇਵਾਰ ਲੋਕਾਂ ਦਾ ਪਤਾ ਲਾਉਣ ਲਈ ਪੁਲਸ ਅਤੇ ਅੱਤਵਾਦੀ ਰੋਕੂ ਈਕਾਈ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ ਤਾਂ ਜੋ ਮਸਜਿਦਾਂ, ਚਰਚਾਂ ਅਤੇ ਪ੍ਰਾਥਨਾ ਕਰਨ ਵਾਲੀਆਂ ਥਾਂਵਾਂ ਨੂੰ ਸੁਰੱਖਿਆ ਦੇਣ ਦਾ ਭਰੋਸਾ ਅਤੇ ਸਮਰਥਨ ਦਿੱਤਾ ਜਾ ਸਕੇ। ਪੁਲਸ ਪ੍ਰਮੁੱਖ ਨੇ ਆਖਿਆ ਕਿ ਸਾਡੇ ਸਮਾਜ 'ਚ ਇਸ ਤਰ੍ਹਾਂ ਦੇ ਹਮਲਿਆਂ ਲਈ ਕੋਈ ਥਾਂ ਨਹੀਂ ਹੈ ਅਤੇ ਇਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੈਂ ਲੋਕਾਂ ਨੂੰ ਫਿਰ ਤੋਂ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਵੈਸਟ ਮਿਡਲੈਂਡਸ ਪੁਲਸ ਦੋਸ਼ੀਆਂ ਨੂੰ ਨਿਆਂ ਦੇ ਕਟਘਿਰੇ 'ਚ ਲਿਆਉਣ ਲਈ ਉਹ ਸਭ ਕੁਝ ਕਰ ਰਹੀ ਹੈ ਜੋ ਕੀਤਾ ਜਾ ਸਕਦਾ ਹੈ। ਬ੍ਰਿਟੇਨ ਦੇ ਗ੍ਰਹਿ ਮੰਤਰੀ ਸਾਜਿਦ ਜਾਵੇਦ ਨੇ ਟਵੀਟ ਕੀਤਾ, ਬਰਮਿੰਘਮ 'ਚ ਰਾਤ ਦੇ ਸਮੇਂ ਮਸਜਿਦਾਂ 'ਚ ਤੋੜਫੋੜ ਦੀਆਂ ਘਟਨਾਵਾਂ ਦੀ ਖਬਰ ਸੁਣ ਕੇ ਚਿੰਤਤ ਹਾਂ।

## ਆਕਸਫੋਰਡ ਅੰਗਰੇਜ਼ੀ ਸ਼ਬਦਕੋਸ਼ 'ਚ ਹਿੰਦੀ ਦਾ ਨਵਾਂ ਸ਼ਬਦ ਸ਼ਾਮਲ, 'ਚੱਡੀਆਂ

ਚੱਡੀ ਯਾਨੀ ਕੱਛਾ ਹੁਣ ਆਕਸਫੋਰਡ ਅੰਗਰੇਜ਼ੀ ਸ਼ਬਦਕੋਸ਼ ਵਿੱਚ ਸ਼ਾਮਲ ਕੀਤਾ ਨਵਾਂ ਸ਼ਬਦ ਹੈ ਜੋ ਹਿੰਦੀ ਤੋਂ ਲਿਆ ਗਿਆ ਹੈ। ਆਕਸਫੋਰਡ ਨੇ ਪਿਛਲੇ ਦਿਨੀਂ ਇਸ ਸ਼ਬਦ ਨੂੰ ਆਪਣੇ ਸ਼ਬਦਕੋਸ਼ ਵਿੱਚ ਥਾਂ ਦਿੱਤੀ ਹੈ। ਸ਼ਬਦਕੋਸ਼ ਮੁਤਾਬਕ ਦੁਨੀਆ ਵਿੱਚ ਸਭ ਤੋਂ ਪਹਿਲਾਂ 'ਚੱਡੀ' ਸ਼ਬਦ ਦੀ ਵਰਤੋਂ 1858 ਵਿੱਚ ਬਲੈਕਵੁੱਡ ਦੇ ਏਡਿਨਬਰਗ ਮੈਗਜ਼ੀਨ ਵੱਲੋਂ ਕੀਤੀ ਗਈ ਸੀ। ਆਕਫੋਰਡ ਡਿਕਸ਼ਨਰੀ ਦੇ ਭਾਰਤੀ ਸੰਸਕਰਣ ਵਿੱਚ ਇਸ ਸ਼ਬਦ ਦੀ ਵਿਆਖਿਆ ਵਜੋਂ ਵਾਕ ਵੀ ਦਿੱਤੇ ਗਏ ਹਨ।

# ਨਿਊਜ਼ੀਲੈਂਡ ਹਮਲੇ ਦੀ ਤਾਰੀਫ ਕਰਨ ਤੇ ਗਈ ਨੌਕਰੀ, ਦੁਬਈ ਚੋਂ ਕੱਢਿਆ ਬਾਹਰ

ਨਿਊਜ਼ੀਲੈਂਡ ਦੀਆਂ ਮਸਜਿਦਾਂ 'ਤੇ ਹੋਏ ਹਮਲੇ ਦੀ ਫੇਸਬੁੱਕ 'ਤੇ ਸ਼ਲਾਘਾ ਕਰਨਾ ਦੁਬਈ ਦੀ ਇਕ ਸੁਰੱਖਿਆ ਕੰਪਨੀ 'ਚ ਕੰਮ ਕਰਨ ਵਾਲੇ ਵਿਅਕਤੀ ਨੂੰ ਮਹਿੰਗਾ ਪੈ ਗਿਆ। ਕੰਪਨੀ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਤੇ ਨਾਲ ਹੀ ਸਰਕਾਰ ਨੇ ਉਸ ਨੂੰ ਦੇਸ਼ 'ਚੋਂ ਬਾਹਰ ਦਾ ਰਸਤਾ ਵੀ ਦਿਖਾ ਦਿੱਤਾ। ਵਿਅਕਤੀ ਨੇ ਫਰਜ਼ੀ ਪਛਾਣ ਦੇ ਆਧਾਰ 'ਤੇ ਬਣਾਏ ਗਏ ਫੇਸਬੁੱਕ ਪੇਜ 'ਤੇ ਹਮਲੇ ਨੂੰ ਲੈ ਕੇ ਟਿੱਪਣੀ ਕੀਤੀ ਸੀ। ਟ੍ਰਾਂਸਗਾਰਡ ਸੁਰੱਖਿਆ ਸਮੂਹ ਨੇ ਬੁੱਧਵਾਰ ਨੂੰ ਇਕ ਬਿਆਨ 'ਚ




ਕਿਹਾ ਕਿ ਨਿਊਜ਼ੀਲੈਂਡ ਦੇ ਹੋਏ ਨਿੰਦਣਯੋਗ ਹਮਲੇ ਨੂੰ ਲੈ ਕੇ ਕ੍ਰਾਈਸਟਚਰਚ ਦੀ ਮਸਜਿਦ 'ਤੇ ਹਫਤੇ ਦੇ ਅਖੀਰ 'ਚ ਇਕ ਕਰਮਚਾਰੀ ਨੇ ਫਰਜ਼ੀ ਨਾਂ ਤੋਂ ਬਣਾਏ ਗਏ ਆਪਣੇ ਨਿੱਜੀ ਫੇਸਬੁੱਕ ਪੇਜ 'ਤੇ ਭੜਕਾਊ ਟਿੱਪਣੀ ਕੀਤੀ। ਇਸ ਤੋਂ ਬਾਅਦ ਉਸ ਦੀ ਪਛਾਣ ਕਰ ਲਈ ਗਈ ਤੇ ਟ੍ਰਾਂਸਗਾਰਡ ਦੀ ਨੀਤੀ ਦੇ ਮੁਤਾਬਕ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਤੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸੰਯੁਕਤ ਅਰਬ ਅਮੀਰਾਤ ਸਰਕਾਰ ਨੇ ਉਸ ਨੂੰ ਦੇਸ਼ 'ਚੋਂ ਕੱਢ ਦਿੱਤਾ। ਵਿਅਕਤੀ ਦੇ ਨਾਂ ਤੇ ਨਾਗਰਿਕਤਾ ਬਾਰੇ 'ਚ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ।

# ਨਿਊਜ਼ੀਲੈਂਡ ਗੋਲੀਬਾਰੀ ਚ ਮਾਰੇ ਗਏ 50 ਪੀੜਤਾਂ ਦੀ ਹੋਈ ਪਛਾਣ



ਵੈਲਿੰਗਟਨ — ਨਿਊਜ਼ੀਲੈਂਡ ਪੁਲਸ ਨੇ ਵੀਰਵਾਰ ਨੂੰ ਦੱਸਿਆ ਕਿ ਕ੍ਰਾਈਸਟਚਰਚ ਦੀਆਂ ਮਸਿਜਦਾਂ ਵਿਚ ਹੋਏ ਹਮਲੇ ਵਿਚ ਮਾਰੇ ਗਏ ਸਾਰੇ 50 ਲੋਕਾਂ ਦੀ ਪਛਾਣ ਕਰ ਲਈ ਗਈ ਹੈ। ਪੁਲਸ ਕਮਿਸ਼ਨਰ ਮਾਈਕ ਬੁਸ਼ ਨੇ ਦੱਸਿਆ,''ਮੈਂ ਕਹਿ ਸਕਦਾ ਹਾਂ ਕਿ ਕੁਝ ਮਿੰਟ ਪਹਿਲਾਂ ਸਾਰੇ 50 ਪੀੜਤਾਂ ਦੀ ਪਛਾਣ ਦੀ ਪ੍ਰਕਿਰਿਆ ਪੂਰੀ ਕਰ ਲਈ ਗਈ। ਇਸ ਬਾਰੇ ਵਿਚ ਪੀੜਤਾਂ ਦੇ ਨੇੜਲੇ ਮੈਂਬਰਾਂ ਨੂੰ ਸੂਚਨਾ ਦੇ ਦਿੱਤੀ ਗਈ ਹੈ।'' ਉਨ੍ਹਾਂ ਨੇ ਦੱਸਿਆ ਕਿ ਇਹ ਪੀੜਤਾਂ ਦੀ ਪਛਾਣ ਦੀ ਪ੍ਰਕਿਰਿਆ ਵਿਚ ਵੱਡੀ ਤਰੱਕੀ ਹੈ। ਗੌਰਤਲਬ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਕ੍ਰਾਈਸਟਚਰਚ ਦੀਆਂ ਦੋ ਮਸਜਿਦਾਂ ਵਿਚ ਕੀਤੀ ਗੋਲੀਬਾਰੀ ਵਿਚ 50 ਲੋਕਾਂ ਦੀ ਮੌਤ ਹੋ ਗਈ ਸੀ।

# ਨਿਊਜ਼ੀਲੈਂਡ ਨੇ ਸੈਮੀ-ਆਟੋਮੈਟਿਕ ਰਾਈਫਲਾਂ ਦੀ ਵਿਕਰੀ ਤੇ ਲਗਾਈ ਪਾਬੰਦੀ

ਵੈਲਿੰਗਟਨ — ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਵੀਰਵਾਰ ਨੂੰ ਦੱਸਿਆ ਕਿ ਕ੍ਰਾਈਸਟਚਰਚ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਦੇਸ਼ ਵਿਚ ਅਸਾਲਟ ਰਾਈਫਲਾਂ ਅਤੇ ਸੈਮੀ-ਆਟੋਮੈਟਿਕ (ਅੱਧੀਆਂ-ਆਟੋਮੈਟਿਕ) ਹਥਿਆਰਾਂ ਦੀ ਵਿਕਰੀ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾ ਦਿੱਤੀ ਗਈ ਹੈ। ਅਰਡਰਨ ਨੇ ਕਿਹਾ,''ਮੈਂ ਇਹ ਐਲਾਨ ਕਰ ਰਹੀ ਹਾਂ ਕਿ ਨਿਊਜ਼ੀਲੈਂਡ ਵਿਚ ਸਾਰੀਆਂ ਸੈਮੀ-ਆਟੋਮੈਟਿਕ ਹਥਿਆਰਾਂ ਦੀ ਵਿਕਰੀ 'ਤੇ ਰੋਕ ਹੋਵੇਗੀ। ਅਸੀਂ ਸਾਰੇ ਅਸਾਲਟ ਰਾਈਫਲਾਂ 'ਤੇ ਵੀ ਪਾਬੰਦੀ ਲਗਾਉਂਦੇ ਹਾਂ।''



ਪੀ.ਐੱਮ. ਅਰਡਰਨ ਨੇ ਕਿਹਾ,''ਉੱਚ ਸਮਰੱਥਾ ਵਾਲੀ ਮੈਗਜ਼ੀਨ ਅਤੇ ਰਾਈਫਲ ਨਾਲ ਕੀਤੀ ਜਾਣ ਵਾਲੀ ਗੋਲੀਬਾਰੀ ਨੂੰ ਤੇਜ਼ ਬਣਾਉਣ ਵਾਲੇ ਸਾਰੇ ਡਿਵਾਈਸ ਵੇਚਣ 'ਤੇ ਵੀ ਪਾਬੰਦੀ ਹੋਵੇਗੀ। ਘੱਟ ਸ਼ਬਦਾਂ ਵਿਚ ਇਹ ਕਹਿ ਸਕਦੀ ਹਾਂ ਕਿ ਬੀਤੇ ਸ਼ੁੱਕਰਵਾਰ ਨੂੰ ਅੱਤਵਾਦੀ ਹਮਲੇ ਵਿਚ ਵਰਤੇ ਗਏ ਹਰੇਕ ਸੈਮੀ-ਆਟੋਮੈਟਿਕ ਹਥਿਆਰ 'ਤੇ ਹੁਣ ਪਾਬੰਦੀ ਰਹੇਗੀ।'' ਗੌਰਤਲਬ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਦੋ ਕ੍ਰਾਈਸਟਚਰਚ ਦੀਆਂ ਦੋ ਮਸਜਿਦਾਂ ਵਿਚ ਹੋਈ ਗੋਲੀਬਾਰੀ ਵਿਚ 50 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਇੰਨੇ ਹੀ ਲੋਕ ਜ਼ਖਮੀ ਹੋਏ ਸਨ। ਹਮਲਾਵਾਰ ਆਸਟ੍ਰੇਲੀਆਈ ਨਾਗਰਿਕ ਹੈ ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਹਰਿਆਣਾ ਚ 60 ਫੁੱਟ ਡੂੰਘੇ ਬੋਰਵੇਲ ਚ ਡਿੱਗਿਆ ਡੇਢ ਸਾਲਾ ਬੱਚਾ

ਹਿਸਾਰ – ਹਰਿਆਣਾ 'ਚ ਹਿਸਾਰ ਜ਼ਿਲੇ ਦੇ ਇਕ ਪਿੰਡ 'ਚ 60 ਫੁੱਟ ਡੂੰਘੇ ਬੋਰਵੇਲ 'ਚ ਡੇਢ ਸਾਲ ਦਾ ਬੱਚਾ ਡਿੱਗ ਗਿਆ। ਉਸ ਨੂੰ ਬਾਹਰ ਕੱਢਣ ਲਈ ਵੀਰਵਾਰ ਦੇਰ ਰਾਤ ਤੱਕ ਅਭਿਆਨ ਜਾਰੀ ਰਿਹਾ। ਬੱਚਾ ਬੁੱਧਵਾਰ ਨੂੰ ਬੋਰਵੇਲ 'ਚ ਡਿੱਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਫੌਜ ਦੇ ਮਾਹਿਰਾਂ ਅਤੇ ਰਾਸ਼ਟਰੀ ਆਪਦਾ ਮੋਚਨ ਬਲ (ਐੱਨ. ਡੀ. ਆਰ. ਐੱਫ.) ਦੇ ਅਧਿਕਾਰੀਆਂ ਦੀ ਇਕ ਟੀਮ ਸਿਵਲ ਅਤੇ ਪੁਲਸ ਅਧਿਕਾਰੀਆਂ ਦੇ ਬਚਾਅ ਅਭਿਆਨ 'ਚ ਮਦਦ ਕਰ ਰਹੀ ਹੈ ਜੋ 24 ਘੰਟਿਆਂ ਤੋਂ ਜਾਰੀ ਹੈ।

ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਨੇ ਬੋਰਵੇਲ ਤੋਂ 20 ਫੁੱਟ ਦੂਰ ਇਸ ਦੇ ਬਰਾਬਰ ਬੋਰਵੇਲ ਬੋਰ ਕਰਨਾ ਸ਼ੁਰੂ ਕਰ ਦਿੱਤਾ ਹੈ। ਪ੍ਰਸ਼ਾਸਨ ਦੀ ਯੋਜਨਾ ਦੋਹਾਂ ਬੋਰਵੇਲਾਂ ਵਿਚਾਲੇ ਸੁਰੰਗ ਬਣਾ ਕੇ ਬੱਚੇ ਨੂੰ ਸੁਰੱਖਿਅਤ ਕੱਢਣ ਦੀ ਹੈ। ਬੋਰਵੇਲ 'ਚ ਨਾਈਟ ਵਿਜ਼ਨ ਕੈਮਰਾ ਪਾਇਆ ਗਿਆ ਹੈ ਤਾਂ ਜੋ ਇਸ ਦੇ ਜ਼ਰੀਏ ਬੱਚੇ ਦੀ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਸਕੇ।

Book your Classified
Matrimonial ads
in a newspaper
NZ ਤਸਵੀਰ NEWS
Wanted Groom
Wanted Bride
09 390 4644
Read Daily News www.nztasveernews.co.nz